## ਜਮਾਤ-ਅੱਠਵੀਂ

# ਫ਼ੀਸ ਮਾਫ਼ ਕਰਵਾਉਣ ਲਈ ਬਿਨੈ-ਪੱਤਰ

ਸੇਵਾ ਵਿਖੇ

ਮੁੱਖ ਅਧਿਆਪਕ ਜੀ,

ਸਰਕਾਰੀ ਮਿਡਲ ਸਕੂਲ,

ਦੇਧਨਾ।

ਸ੍ਰੀਮਾਨ ਜੀ,

ਬੇਨਤੀ ਹੈ ਕਿ ਮੈਂ ਆਪ ਜੀ ਦੇ ਸਕੂਲ ਵਿੱਚ ਅੱਠਵੀਂ ਜਮਾਤ ਦਾ ਵਿਦਿਆਰਥੀ ਹਾਂ।ਮੇਰੇ ਪਿਤਾ ਜੀ ਇੱਕ ਗਰੀਬ ਕਿਸਾਨ ਹਨ।ਉਹਨਾਂ ਦੀ ਆਮਦਨ ਬਹੁਤ ਥੋੜ੍ਹੀ ਹੈ।ਮੇਰੇ ਦੋ ਵੱਡੇ ਭੈਣ-ਭਰਾ ਵੀ ਪੜ੍ਹਦੇ ਹਨ।ਪਿਤਾ ਜੀ ਸਾਡੀ ਪੜ੍ਹਾਈ ਦਾ ਖ਼ਰਚਾ ਪੂਰਾ ਨਹੀਂ ਕਰ ਸਕਦੇ।ਇਸ ਕਾਰਨ ਉਹ ਮੇਰੀ ਪੜ੍ਹਾਈ ਬੰਦ ਕਰਵਾਉਣਾ ਚਾਹੁੰਦੇ ਹਨ।

ਮੈਨੂੰ ਪੜ੍ਹਾਈ ਦਾ ਬਹੁਤ ਸ਼ੌਕ ਹੈ।ਮੈਂ ਹਰ ਸਾਲ ਆਪਣੀ ਜਮਾਤ ਵਿੱਚ ਪਹਿਲੇ ਨੰਬਰ'ਤੇ ਆਉਂਦਾ ਹਾਂ।ਕਿਰਪਾ ਕਰਕੇ ਮੇਰੀ ਪੂਰੀ ਫ਼ੀਸ ਮਾਫ਼ ਕਰ ਦਿੱਤੀ ਜਾਵੇ ਜੀ।ਮੈਂ ਆਪ ਜੀ ਦਾ ਅਤਿ ਧੰਨਵਾਦੀ ਹੋਵਾਂਗਾ।

ਆਪ ਜੀ ਦਾ ਆਗਿਆਕਾਰੀ,

ਗੁਰਮੀਤ ਸਿੰਘ।

ਮਿਤੀ: 06 ਮਈ,2020.

ਰੋਲ ਨੰ:18.

ਜਮਾਤ-ਅੱਠਵੀਂ।

ਨੋਟ:- ਵਿਦਿਆਰਥੀ ਅਰੰਭ ਵਿੱਚ ਆਪਣੇ ਸਕੂਲ ਅਤੇ ਪਿੰਡ/ਸ਼ਹਿਰ ਦਾ ਨਾਂ ਲਿਖਣਗੇ।

ਅਖ਼ੀਰ ਵਿੱਚ ਵੀ ਆਪਣਾ ਨਾਂ ਅਤੇ ਰੋਲ ਨੰ: ਹੀ ਲਿਖਣਗੇ।

ਅਵਤਾਰ ਸਿੰਘ,ਪੰਜਾਬੀ ਮਾਸਟਰ ਸ.ਮਿ.ਸ.ਦੇਧਨਾ (ਪਟਿ:) 99886-43700